

# ਬੱਚਿਆਂ ਲਈ ਬਾਈਬਲ

ਉਪੱਸਥਿਤ

# ਅੱਤਿਆਚਾਰ ਤੋਂ ਲੈਕੇ ਪਰਚਾਰ ਤੱਕ


ਦੁਆਰਾ ਲਿਖਿਆ ਗਿਆ : Edward Hughes

ਦੁਆਰਾ ਦਿੱਤੀਆਂ ਗਈਆਂ ਉਦਾਹਰਣਾਂ : Janie Forest

ਦੁਆਰਾ ਕੀਤਾ ਗਿਆ ਅਨੁਵਾਦ : Rev. Tasveer ull haque

ਦੁਆਰਾ ਬਦਲਿਆ ਗਿਆ : Ruth Klassen


ਕਹਾਣੀ 58 ਤ਼ 60


**www.M1914.org**

***Bible for Children,*** *PO Box 3, Winnipeg, MB R3C 2G1 Canada*



ਆਗਿਆ ਦੇਣ.ੀ : ਜਦ ਤੱਕ ਤੁਸੀ ਇਸ ਨੂੰ ਵੇਚਦੇ ਨਹੀ ਤਦ ਤੱਕ ਤੁਹਾਨੂੰ ਅਧਿਕਾਰ ਹੈ ਕਿ
ਤੁਸੀ ਇਸ ਕਹਾਣੀ ਨੂੰ ਛਾਪ ਸਕੋ ਜਾ ਇਸ ਦੀ ਨਕਲ ਉਤਾਰ ਸਕੋ।


ਪੰਜ਼ਾਬੀ

Punjabi







ਪਰਮੇਸ਼ਵਰ ਜਾਣਦਾ ਸੀ ਕੀ
ਜੰਗਲ ਵਿੱਚ ਇੱਕ ਯਾਤਰੀ ਹੈ, ਜੋ
ਇਥੋਪੀਆਦੀ ਰਾਣੀ ਕੰਨਦੇਸ ਦਾ
ਨਿਆਈ ਸੀ। ਉਹ ਆਪਣੇ ਘਰ
ਨੂੰ ਜਾ ਰਿਹਾ ਸੀ ਅਤੇ ਇੱਕ
ਜਰੂਰੀ ਕਿਤਾਬ ਪੜ ਰਿਹਾ ਸੀ।
ਕੀ ਤੁਸੀ ਅੰਦਾਜ਼ਾ ਲਗਾ ਸਕਦੇ ਹੋ
ਕੀ ਉਹ ਕਿਤਾਬ ਕਿਹੜੀ ਸੀ?
3
ਜਦ
ਫ਼ਿਲਪਸ ਨੇ
ਪਰਮੇਸ਼ਵਰ
ਦੀ ਆਗਿਆ
ਮੰਨੀ, ਪਰਮੇਸ਼ਵਰ
ਉਸ ਨੂੰ ਸਿੱਧਾ ਹਾਕਮ ਦੇ
ਵੱਲ ਲੈ ਗਿਆ ਜਿਹੜਾ ਪਰਮੇਸ਼ਵਰ
ਦਾ ਵਚਨ ਬਿਨਾ ਸਮਝ ਦੇ
ਪੜ ਰਿਹਾ ਸੀ।
4
ਉਸ ਨੇ
ਫ਼ਿਲਪਸ ਨੂੰ
ਆਪਣੇ ਕੋਲ ਆਉਣ
ਲਈ ਸੱਦਾ ਦਿੱਤਾ।
5
“ਇਸਦਾ ਅਰਥ ਕੀ ਹੈ?” ਹਾਕਮ ਨੇ
ਫ਼ਿਲਪਸ ਨੂੰ ਪੁੱਛਿਆ। ਜਿਵੇਂ ਹੀ ਰੱਥ ਨੇ ਜੰਗਲ
ਦਾ ਰਾਹ ਲਿਆ, ਫ਼ਿਲਪਸ ਨੇ ਆਪਣਾ ਮੂੰਹ
ਖੋਲਿਆ ਅਤੇ ਵਚਨ ਨੂੰ ਸ਼ੁਰੂ ਤੋਂ ਲੈਕੇ ਯਿਸੂ
ਮਸੀਹ ਤੱਕ ਪਰਚਾਰ ਕੀਤਾ।
6
ਅਫ਼ਰੀਕਾ ਦੇ ਹਾਕਮ ਨੇ
ਛੇਤੀ ਨਾਲ ਬਾਈਬਲ ਤੇ ਵਿਸ਼ਵਾਸ਼
ਕਰ ਲਿਆ, ਕੀ ਯਿਸੂ ਮਸੀਹ ਹੀ
ਪਰਮੇਸ਼ਵਰ ਦਾ ਪੁੱਤਰ ਹੈ। ਕੁਝ ਪਾਣੀ ਨੂੰ
ਵੇਖਣ ਤੋਂ ਬਾਅਦ, ਉਸਨੇ ਕਿਹਾ, “ਹੁਣ ਮੈਨੂੰ
ਬਪਤਿਸਮਾ ਲੈਣ ਤੋਂ ਕੋਣ ਰੋਕ ਸਕਦਾ ਹੈ?”
7
ਤਦ ਫ਼ਿਲਪਸ ਨੇ ਕਿਹਾ, “ਜੇਕਰ ਤੂੰ ਸਾਰੇ ਮਨ ਦੇ ਨਾਲ ਵਿਸ਼ਵਾਸ਼ ਕਰੇ,
ਤਾਂ ਤੂੰ ਲੈ ਸਕਦਾ ਹੈ।” ਜਦ ਹਾਕਮ ਨੇ ਉੱਤਰ ਦਿੱਤਾ, “ਮੈਂ ਵਿਸ਼ਵਾਸ਼
ਕਰਦਾ ਹਾਂ ਕੇ ਯਿਸੂ ਮਸੀਹ ਹੀ ਪਰਮੇਸ਼ਵਰ ਦਾ ਪੁੱਤਰ
ਹੈ,” ਫ਼ਿਲਪਸ ਉਸਨੂੰ ਪਾਣੀ ਵਿੱਚ ਲੈ ਗਿਆ
ਅਤੇ ਉਸਨੂੰ ਬਪਤਿਸਮਾ ਦਿੱਤਾ।
8



ਹੁਣ ਜਦ ਉਹ ਪਾਣੀ ਵਿੱਚੋਂ ਬਾਹਰ ਆਏ, ਤਾਂ ਪਰਮੇਸ਼ਵਰ ਦਾ ਆਤਮਾਂ ਫ਼ਿਲਪਸ ਨੂੰ ਉੱਥੋਂ ਲੈ ਗਿਆ, ਤਾਂ ਅਫ਼ਰੀਕਨ ਹਾਕਮ ਨੇ ਉਸ ਨੂੰ ਦੁਬਾਰਾ ਨਾਂ ਵੇਖਿਆ। ਉਹ ਖੁਸ਼ੀ ਮਨਾਉਂਦਾ ਇਥੋਪੀਆ ਨੂੰ ਵਾਪਸ ਮੁੜ ਗਿਆ।

9



ਪਰ ਕੁਝ ਲੋਕ ਇਸਾਈਆਂ ਤੋਂ ਨਫ਼ਰਤ ਕਰਦੇ ਸਨ। ਸਤਿਫ਼ਨੁਸ, ਫ਼ਿਲਪਸ ਦੇ ਦੋਸਤਾਂ ਵਿੱਚੋਂ ਇੱਕ, ਉਹਨਾਂ ਗੁੱਸੇ ਨਾਲ ਭਰੇ ਹੋਏ ਲੋਕਾਂ ਦੁਆਰਾ ਮਾਰਿਆ ਗਿਆ ਜਿਹੜੇ ਨਹੀ ਚਾਹੁੰਦੇ ਸਨ ਕੀ ਉਹ ਯਿਸੂ ਦੇ ਬਾਰੇ ਗੱਲ ਕਰੇ। ਤਰਸ਼ਿਸ਼ ਤੋਂ ਸ਼ੋਲ ਨਾ ਦੇ ਮਨੁੱਖ ਸਤਿਫ਼ਨੁਸ ਨੂੰ ਮਾਰਨ ਵਿੱਚ ਮਦਦ ਕੀਤੀ। ਸ਼ੋਲ ਸਾਰੇ ਇਸਾਈਆਂ ਤੋਂ ਨਫ਼ਰਤ ਕਰਦਾ ਸੀ।

10



ਸ਼ੋਲ ਇਸਾਈਆਂ ਨੂੰ ਦਬਕਾਉਣ ਲਈ ਅਤੇ ਮਾਰਨ ਤੇ ਦਮ ਮਾਰਦਾ ਹੋਇਆ, ਯਾਜਕ ਦੇ ਕੋਲੋਂ ਆਪਣੇ ਲਈ ਅਧਿਕਾਰਿਕ ਚਿੱਠੀ ਲੈਣ ਗਿਆ ਕੀ ਉਹਨਾਂ ਮਨੁੱਖਾਂ ਅਤੇ ਔਰਤਾਂ ਨੂੰ ਬੰਦੀ ਬਣਾਵੇ ਜਿਹੜੇ ਯਿਸੂ ਦੇ ਪਿੱਛੇ ਚਲਦੇ ਹਨ।

11



ਤਰਸ਼ਿਸ਼ ਤੋਂ ਕਮਜ਼ੋਰ ਸ਼ੋਲ! ਉਹ ਨਹੀ ਜਾਣਦਾ ਸੀ ਕੀ ਜਦ ਉਹ ਪਰਮੇਸ਼ਵਰ ਦੇ ਲੋਕਾਂ ਨੂੰ ਤੰਗ ਕਰਦਾ ਹੈ, ਉਹ ਪ੍ਰਭੂ ਯਿਸੂ ਨੂੰ ਹੀ ਤੰਗ ਕਰ ਰਿਹਾ ਸੀ। ਪਰਮੇਸ਼ਵਰ ਸ਼ੋਲ ਨੂੰ ਰੋਕੇਗਾ। ਪਰ ਕਿਵੇਂ?

12



ਪਰਮੇਸ਼ਵਰ ਨੇ ਸ਼ੋਲ ਨੂੰ “ਬੰਦੀ” ਬਣਾ ਲਿਆ! ਝਦ ਸ਼ੋਲ ਦਮਸਕਸ ਸ਼ਹਿਰ ਦੇ ਰਾਹ ਨੂੰ ਜਾ ਰਿਹਾ ਸੀ, ਪਰਮੇਸ਼ਵਰ ਨੇ ਸਵਰਗ ਤੋਂ ਮਹਾਨ ਰੌਸ਼ਨੀ ਭੇਜੀ। ਸ਼ੋਲ ਧਰਤੀ ਤੇ ਡਿੱਗ ਪਿਆ। ਤਦ ਉਸ ਨੇ ਇੱਕ ਆਵਾਜ ਸੁਣੀ।

13





“ਪ੍ਰਭੂ, ਤੁਸੀ ਕੌਣ ਹੋ?” ਸ਼ੋਲ ਬੋਲਿਆ। “ਮੈਂ ਯਿਸੂ ਹਾਂ, ਜਿਸ ਨੂੰ ਤੂੰ ਸਤਾ ਰਿਹਾ ਹੈ।” ਕੰਬਦੇ ਹੋਏ ਅਤੇ ਹੈਰਾਨ ਹੋਏ, ਸ਼ੌਲ ਨੇ ਪੁੱਛਿਆ, “ਪ੍ਰਭੂ, ਤੁਸੀ ਕੀ ਚਾਹੁੰਦੇ ਹੋ ਕੀ ਮੈਂ ਕਰਾਂ?” ਅਤੇ ਪਰਮੇਸ਼ਵਰ ਨੇ ਉਸ ਨੂੰ ਕਿਹਾ, “ਖੜ੍ਹਾ ਹੋ ਅਤੇ ਸ਼ਹਿਰ ਨੂੰ ਜਾਹ, ਅਤੇ ਤੈਨੂੰ ਦੱਸਿਆ ਜਾਵੇਗਾ ਕੇ ਤੂੰ ਕੀ ਕਰਨਾ ਹੈ।”

14


ਸ਼ੌਲ ਦੇ ਨਾਲ ਦੇ ਮਨੁੱਖਾਂ
ਨੇ ਵੀ ਆਵਾਜ ਸੁਣੀ, ਪਰ
ਕਿਸੇ ਨੂੰ ਨਾਂ ਵੇਖਿਆ।
ਸ਼ੌਲ ਧਰਤੀ ਤੋਂ ਉੱਠਿਆ
– ਅਤੇ ਜਾਣਿਆ ਕੇ ਉਹ
ਅੰਨ੍ਹਾ ਹੈ! ਉਹ ਉਸ ਨੂੰ
ਦਮਸਕਸ ਨੂੰ
ਲੈ ਗਏ।
15


ਸ਼ਹਿਰ ਵਿੱਚ, ਸ਼ੌਲ ਤਿੰਨ
ਦਿਨ ਤੱਕ ਅੰਨਾ ਰਿਹਾ ਅਤੇ
ਨਾ ਉਸ ਨੇ ਕੁਝ ਖਾਦਾ ਅਤੇ
ਨਾ ਕੁਝ ਪੀਤਾ। ਸ਼ਾਇਦ
ਉਸ ਨੇ ਉਹ ਸਮਾਂ ਪ੍ਰਭੂ
ਯਿਸੂ ਦੇ ਨਾਲ ਪ੍ਰਾਥਨਾਂ ਵਿੱਚ
ਬਿਤਾਇਆ ਜੋ ਉਸ ਨੂੰ
ਦਮਸਕਸ ਦੇ ਰਾਹ ਵਿੱਚ
ਮਿਲਿਆ ਸੀ।
16


ਪਰਮੇਸ਼ਵਰ ਨੇ ਸਭ ਯੋਜਨਾ ਬਣਾਈ
ਸੀ। ਦਮਸਕਸ ਦੇ ਵਿੱਚ ਇੱਕ
ਅਨਨੀਆਸ ਨਾ ਦਾ ਚੇਲਾ ਸੀ।
ਪ੍ਰਭੂ ਨੇ ਉਸ ਨੂੰ ਸ਼ੌਲ ਦੀ
ਸਹਾਇਤਾ ਕਰਨ ਨੂੰ
ਭੇਜਿਆ।ਅਨਨੀਆਸ
ਡਰ ਗਿਆ, ਪਰ ਉਸ
ਨੇ ਪਰਮੇਸ਼ਵਰ ਦੀ
ਆਗਿਆ ਨੂੰ
ਮੰਨਿਆ।
17


ਜਦ ਉਸ ਨੇ ਆਪਣਾ ਹੱਥ
ਸ਼ੌਲ ਉੱਤੇ ਵਧਾਇਆ ਤਾਂ
ਅੰਨ੍ਹਾ – ਪਨ ਚਲਾ ਗਿਆ
– ਅਤੇ ਸ਼ੌਲ ਪਰਮੇਸ਼ਵਰ
ਦੀ ਪਵਿੱਤਰ ਆਤਮਾਂ
ਨਾਲ ਭਰ ਗਿਆ।
18


ਸ਼ੌਲ ਨੂੰ ਬਪਤਿਸਮਾਂ ਦਿੱਤਾ
ਗਿਆ। ਤਦ ਉਸ ਨੇ ਖਾਦਾ।
ਅਤੇ ਜਦ ਉਸ ਨੇ ਭੋਜਨ ਖਾ
ਲਿਆ, ਉਸ ਨੇ ਬਲ ਪ੍ਰਾਪਤ
ਕੀਤਾ। ਸ਼ੌਲ ਨੂੰ ਤਾਕਤ ਚਾਹੀਦੀ
ਸੀ। ਉਸ ਨੇ ਕੁਝ ਬਹੁਤ ਹੀ
ਜਰੂਰੀ ਕੰਮ ਕਰਨਾ ਸੀ।
19


ਇੱਕ ਦਮ ਸ਼ੌਲ ਨੇ ਯਿਸੂ ਦਾ ਹੈਕਲ
ਵਿੱਚ ਪਰਚਾਰ ਕੀਤਾ, ਕੀ ਉਹ
ਪਰਮੇਸ਼ਵਰ ਦਾ ਪੁੱਤਰ ਹੈ।
20













ਅੱਤਿਆਚਾਰ ਤੋਂ ਲੈਕੇ ਪਰਚਾਰ ਤੱਕ

ਇਹ ਕਹਾਣੀ ਪਰਮੇਸ਼ਵਰ ਦਾ ਵਚਨ, ਜੋ ਬਾਈਬਲ ਹੈ

ਇਹ ਪਾਈ ਜਾਂਦੀ ਹੈ

ਰਸੂਲਾਂ ਦੇ ਕਰਤਬ 8-9

ਸ਼ਬਦਾ ਦੇ ਪਰਵੇਸ਼ ਦੁਆਰਾ ਰੋਸ਼ਨੀ ਮਿਲਦੀ ਹੈ।
ਜ਼ਬੂਰਾਂ ਦੀ ਪੋਥੀ 119:130

ਪਰਮੇਸ਼ਵਰ ਜਾਣਦਾ ਹੈ ਕਿ ਅਸੀ ਬੁਰੇ ਕੰਮ ਕੀਤੇ ਹਨ ਜਿਸ ਨੂੰ ਉਹ ਪਾਪ ਕਹਿੰਦਾ ਹੈ।ਪਾਪ ਦੀ ਮਜ਼ਦੂਰੀ ਮੋਤ ਹੈ।

ਪਰਮੇਸ਼ਵਰ ਨੇ ਸਾਨੂੰ ਇਹੋ ਜਿਹਾ ਪਿਆਰ ਕੀਤਾ ਕਿ ਉਸਨੇ ਆਪਣਾ ਪੁੱਤਰ ਭੇਜ਼ ਦਿੱਤਾ ਕਿ ਯਿਸੂ ਸਲੀਬ ਤੇ ਆਪਣੀ ਜਾਨ ਕੁਰਬਾਨ ਕਰੇ ਅਤੇ ਸਾਡਾ ਜੁਰਮਾਨਾਂ ਭਰੇ।ਯਿਸੂ ਮਸੀਹ ਜਿੰਦਾ ਹੋ਼ਏ ਅਤੇ ਵਾਪਿਸ ਸਵਰਗ ਨੂੰ ਚਲੇ ਗਏ।ਹੁਣ ਪਰਮੇਸ਼ਵਰ ਸਾਡੇ ਗੁਨਾਹਾ ਨੂੰ ਮੁਆਫ਼ ਕਰ ਸਕਦਾ ਹੈ।

ਜ਼ੇਕਰ ਤੁਸੀ ਆਪਣੇ ਪਾਪਾਂ ਤੋ ਮੁੜਨਾ ਚਾਹੁੰਦੇ ਹੋ ਤਾਂ ਪਰਮੇਸ਼ਵਰ ਨੂੰ ਆਖੋ : ਪਿਆਰੇ ਪਰਮੇਸ਼ਵਰ ਮੈ ਵਿਸ਼ਵਾਸ਼ ਕਰਦਾਂ ਹਾਂ ਕਿ ਯਿਸੂ ਮੇਰੇ ਲਈ ਮਰਿਆਂ ਅਤੇ ਹੁਣ ਜਿੰਦਾਂ ਹੈ। ਕਿਰਪਾ ਕਰਕੇ ਮੇਰੇ ਜੀਵਨ ਵਿੱਚ ਆਓ ਅਤੇ ਮੇਰੇ ਗੁਨਾਹਾਂ ਨੂੰ ਮੁਆਫ਼ ਕਰੋ। ਤਾਂ ਜੋ ਹੁਣ ਮੈ ਨਵਾਂ ਜੀਵਨ ਪਾਵਾਂ ਅਤੇ ਤੁਹਾਡੇ ਨਾਲ ਹਮੇਸ਼ਾਂ ਲਈ ਰਹਾਂ। ਮੇਰੀ ਮਦਦ ਕਰੋ ਕਿ ਮੈ ਤੁਹਾਡੇ ਲਈ ਜੀਵਾਂ ਤੁਹਾਡਾ ਬੱਚਾਂ ਬਣ ਕੇ,
ਆਮੀਨ। ਯਹੂੰਨਾ ਦੀ ਇੰਜ਼ੀਲ 3:16

ਬਾਈਬਲ ਨੂੰ ਪੜੋ ਅਤੇ ਪਰਮੇਸ਼ਵਰ ਨਾਲ ਹਰ ਰੋਜ਼ ਗੱਲ ਬਾਤ ਕਰੋ।